## ਯੋਗਤਾ ਮਾਪਦੰਡ

ਭਾਰਤੀ ਕਲਾ ਫਾਊਂਡੇਸ਼ਨ (ਆਈ.ਐਫ.ਏ.) ਆਪਣੇ ਵੱਖੋ-ਵੱਖ ਪ੍ਰੋਗਰਾਮਾਂ ਦੇ ਅਧੀਨ ਪ੍ਰੋਜੈਕਟਾਂ ਨੂੰ ਲਾਗੂ ਕਰਦੀ ਹੈ। ਇਨ੍ਹਾਂ ਪ੍ਰੋਗਰਾਮਾਂ ਦੇ ਅਧੀਨ ਅਰਜ਼ੀ ਦੇਣ ਦੀ ਯੋਗਤਾ ਦੇ ਮਾਪਦੰਡ ਹੇਠਾਂ ਦਿੱਤੇ ਗਏ ਹਨ:

- ਸਿਰਫ਼ ਭਾਰਤੀ ਹੀ ਇਸ ਲਈ ਅਰਜ਼ੀ ਦੇ ਸਕਦੇ ਹਨ। ਇਸ ਵਿੱਚ ਪੀ.ਆਈ.ਓ. (ਭਾਰਤੀ ਮੂਲ ਦੇ ਵਿਅਕਤੀ) ਅਤੇ ਓ.ਸੀ.ਆਈ. (ਵਿਦੇਸ਼ੀ ਭਾਰਤੀ ਨਿਵਾਸੀ) ਕਾਰਡ ਧਾਰਕ ਸ਼ਾਮਲ ਨਹੀਂ ਹਨ।
- ਬਿਨੈਕਾਰਾਂ ਕੋਲ ਆਪਣੀ ਪਛਾਣ ਅਤੇ ਨਾਗਰਿਕਤਾ ਨੂੰ ਸਾਬਿਤ ਕਰਨ ਲਈ ਪੈਨ ਕਾਰਡ ਅਤੇ ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋਂ ਕੋਈ ਇੱਕ ਦਸਤਾਵੇਜ਼ ਹੋਣਾ ਚਾਹੀਦਾ ਹੈ - ਭਾਰਤੀ ਪਾਸਪੋਰਟ ਜਾਂ ਆਧਾਰ ਕਾਰਡ ਜਾਂ ਭਾਰਤ ਦੀ ਵੋਟਰ ਆਈ.ਡੀ.
- ਸਿਰਫ਼ ਵਿਅਕਤੀ ਹੀ ਅਰਜ਼ੀ ਦੇ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਸੰਸਥਾ ਅਰਜ਼ੀ ਨਹੀਂ ਦੇ ਸਕਦੀ
- ਜੇ ਪ੍ਰੋਜੈਕਟ ਵਿੱਚ ਕੋਈ ਸਹਿਯੋਗੀ ਹਨ, ਤਾਂ ਉਹ ਵੀ ਭਾਰਤੀ ਹੀ ਹੋਣੇ ਚਾਹੀਦੇ ਹਨ
- ਅਜਿਹੇ ਵਿਅਕਤੀ ਯੋਗ ਨਹੀਂ ਹਨ ਜਿਨ੍ਹਾਂ ਦਾ ਆਈ.ਐਫ.ਏ. ਨਾਲ ਕੋਈ ਪੁਰਾਣਾ ਵਿੱਤੀ ਵਿਵਾਦ ਹੈ
- ਕਿਸੇ ਪਹਿਲਾਂ ਦੀ ਆਈ.ਐਫ.ਏ. ਗਰਾਂਟ ਦੇ ਮਿੱਥੇ ਗਏ ਡਿਲੀਵਰੇਬਲ ਸਪੁਰਦ ਕਰਨ ਵਿੱਚ ਅਸਫਲ ਰਹਿਣ ਵਾਲੇ ਵਿਅਕਤੀ ਯੋਗ ਨਹੀਂ ਹਨ
- ਜੇਕਰ ਕਿਸੇ ਵਿਅਕਤੀ ਨੂੰ ਆਈ.ਐਫ.ਏ. ਤੋਂ ਕੋਈ ਅਜਿਹਾ ਪੱਤਰ ਪ੍ਰਾਪਤ ਹੋਇਆ ਜਿਸ ਦੇ ਵਿੱਚ ਉਸ ਨੂੰ ਭਵਿੱਖ ਵਿੱਚ ਅਰਜ਼ੀ ਦੇਣ ਲਈ ਮਨ੍ਹਾਂ ਕੀਤਾ ਗਿਆ ਹੈ, ਤਾਂ ਉਹ ਵਿਅਕਤੀ ਯੋਗ ਨਹੀਂ ਹਨ
- ਜੇਕਰ ਕਿਸੇ ਦਾ ਸੰਯੁਕਤ ਖਾਤਾ ਹੈ ਤਾਂ ਇੱਕ ਤੋਂ ਜ਼ਿਆਦਾ ਵਿਅਕਤੀ ਅਰਜ਼ੀ ਦੇ ਸਕਦੇ ਹਨ। ਜੇ ਉਨ੍ਹਾਂ ਦਾ ਸੰਯੁਕਤ ਖਾਤਾ ਨਹੀਂ ਹੈ, ਤਾਂ ਉਨ੍ਹਾਂ ਵਿੱਚੋਂ ਕਿਸੇ ਇੱਕ ਵਿਅਕਤੀ ਨੂੰ ਦੂਜਿਆਂ ਦੇ ਨਾਲ ਸਹਿਯੋਗੀ ਵਜੋਂ ਅਰਜ਼ੀ ਦੇਣੀ ਚਾਹੀਦੀ ਹੈ